General Certificate of Education
Advanced Subsidiary Examination
June 2015

# Panjabi

**PANJ1**

## Unit 1 Reading and Writing

# Insert

**Text to be used when answering Section 1**

A

Text for use with **Section 1**

(ੳ)

## ਤਿੜਕ ਰਹੇ ਰਿਸ਼ਤੇ ਨਾਤੇ

ਯਮਲੇ ਜੱਟ ਦੇ ਗੀਤ ਦੇ ਬੋਲ 'ਚਿੱਟਾ ਹੋ ਗਿਆ ਲਹੂ ਭਰਾਵੋ' ਸੱਚ ਹੁੰਦੇ ਜਾਪਦੇ ਹਨ ਕਿਉਂਕਿ ਲੋਕ ਮਤਲਬੀ ਹੋ ਰਹੇ ਹਨ। ਜਿਹੜੇ ਭੈਣ-ਭਰਾ ਪ੍ਰਛਾਵੇਂ ਵਾਂਗ ਨਾਲ ਰਹਿੰਦੇ ਸਨ ਹੁਣ ਦੁਸ਼ਮਣ ਬਣਦੇ ਜਾ ਰਹੇ ਹਨ। ਹਰ ਇੱਕ ਪੈਸੇ ਪਿੱਛੇ ਦੌੜ ਕੇ ਆਪਣੀ ਜ਼ਮੀਰ ਤੋਂ ਦੂਰ ਹੋ ਰਿਹਾ ਹੈ। ਜ਼ਮੀਨ, ਜਾਇਦਾਦ ਅਤੇ ਪੈਸਾ ਪ੍ਰਾਪਤ ਕਰਨ ਲਈ ਲੋਕ ਆਪਣਿਆਂ ਤੋਂ ਮੂੰਹ ਮੋੜ ਰਹੇ ਹਨ। ਸਾਡੀ ਰਿਸ਼ਤੇ ਨਾਤਿਆਂ ਦੀ ਪ੍ਰਣਾਲੀ ਤਿੜਕ ਚੁੱਕੀ ਹੈ।

ਪਹਿਲਾਂ ਸਾਰਾ ਪਰਿਵਾਰ ਰਲ ਮਿਲ ਕੇ ਰਹਿੰਦਾ ਸੀ ਪਰ ਪਿੰਡਾਂ ਦੇ ਸ਼ਹਿਰੀਕਰਨ ਨੇ ਲੋਕਾਂ ਵਿੱਚ ਆਪਸੀ ਪਿਆਰ ਘਟਾ ਦਿੱਤਾ ਹੈ ਅਤੇ ਪਰਿਵਾਰ ਛੋਟੇ ਬਣਾ ਦਿੱਤੇ ਹਨ। ਲੋਕਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਆਪਸੀ ਪਿਆਰ ਤੋਂ ਬਿਨਾਂ ਉਹ ਸਫਲਤਾ ਦੀ ਪੌੜੀ ਨਹੀਂ ਚੜ੍ਹ ਸਕਦੇ। ਲੋਕ ਖੁਸ਼ਹਾਲ ਜ਼ਰੂਰ ਹੋ ਗਏ ਹਨ ਪਰ ਖੁਸ਼ਹਾਲੀ ਨਾਲ ਬਹੁਤ ਸਾਰੇ ਰਿਸ਼ਤਿਆਂ ਦੇ ਅਰਥ ਬਦਲ ਚੁੱਕੇ ਹਨ।

ਇਸ ਸਮੱਸਿਆ ਬਾਰੇ ਗੰਭੀਰਤਾ ਨਾਲ ਸੋਚਣ ਅਤੇ ਪਿਆਰ ਨਾਲ ਪਾਕ-ਪਵਿੱਤਰ ਰਿਸ਼ਤਿਆਂ ਨੂੰ ਬਚਾਉਣ ਦੀ ਲੋੜ ਹੈ। ਲੋਕ ਰਿਸ਼ਤਿਆਂ ਨੂੰ ਪੈਸੇ ਦੀ ਦਲਦਲ ਵਿੱਚ ਸੁੱਟ ਕੇ ਸ਼ੈਤਾਨ ਤਾਂ ਬਣ ਸਕਦੇ ਹਨ ਪਰ ਇਨਸਾਨ ਨਹੀਂ। ਇਨਸਾਨ ਬਣਨ ਲਈ ਪੈਸੇ ਦੇ ਜਾਲ ਵਿੱਚੋਂ ਨਿਕਲਣਾ ਬਹੁਤ ਜ਼ਰੂਰੀ ਹੈ।

Text for use with **Section 1**

(ਅ)

## ਪੰਜਾਬੀ ਫਿਲਮਾਂ ਦੀ ਦਸ਼ਾ ਤੇ ਦਿਸ਼ਾ

ਕੁਝ ਸਾਲਾਂ ਤੋਂ ਹਾਸੇ ਮਖੌਲ ਵਾਲੀਆਂ ਫਿਲਮਾਂ ਧੜਾਧੜ ਆ ਰਹੀਆਂ ਹਨ। ਪੰਜਾਬੀ ਗਾਇਕ ਫਿਲਮਾਂ ਵਿੱਚ ਆਪਣੀ ਕਿਸਮਤ ਅਜਮਾਉਣ ਆ ਜਾਂਦੇ ਹਨ ਪਰ ਉਹ ਆਪਣੀ ਗਾਇਕੀ ਨਾਲ ਤਾਂ ਇਨਸਾਫ ਨਹੀਂ ਕਰ ਸਕੇ, ਫਿਲਮਾਂ ਵਿੱਚ ਅਦਾਕਾਰੀ ਦੀ ਜ਼ਿੰਮੇਵਾਰੀ ਕਿਵੇਂ ਨਿਭਾਉਣਗੇ ?

ਪੰਜਾਬੀ ਫਿਲਮਾਂ ਨੇ ਹੁਣ ਤੱਕ ਕਾਫੀ ਤਰੱਕੀ ਕੀਤੀ ਹੈ। ਜਿੰਨਾ ਪੰਜਾਬੀ ਫਿਲਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਉੱਨਾ ਗੁਣਾਂ ਵਿੱਚ ਨਹੀਂ। ਨਵੀਆਂ ਫਿਲਮਾਂ ਵਿਸ਼ੇ ਅਤੇ ਫਿਲਮ-ਕਲਾ ਵਲੋਂ ਕਮਜ਼ੋਰ ਹਨ। ਵਿਸ਼ਾ-ਵਸਤੂ ਪੱਖ ਤੋਂ ਸਮੱਸਿਆ ਬਹੁਤ ਵੱਡੀ ਹੈ ਕਿਉਂਕਿ ਜੇ ਕੋਈ ਚੰਗੀ ਫਿਲਮ ਬਣਦੀ ਵੀ ਹੈ ਤਾਂ ਉਹ ਚਲਦੀ ਨਹੀਂ। ਤਕਨੀਕੀ ਪੱਖ ਤੋਂ ਕੁਝ ਸੁਧਾਰ ਹੋਇਆ ਹੈ ਪਰ ਅਦਾਕਾਰੀ ਦੇ ਪੱਖ ਤੋਂ ਹਾਲਤ ਮਾੜੀ ਹੀ ਹੈ।

ਦੁਨੀਆ ਭਰ ਦੀਆਂ ਬੋਲੀਆਂ ਵਿੱਚ ਬਣਦੀਆਂ ਫਿਲਮਾਂ ਦੇ ਵਿਸ਼ੇ ਵੱਖਰੇ ਵੱਖਰੇ ਹੁੰਦੇ ਹਨ ਅਤੇ ਅਦਾਕਾਰਾਂ ਦੇ ਚਿਹਰੇ ਦੇ ਹਾਵ-ਭਾਵ ਤੋਂ ਬਹੁਤ ਕੁਝ ਸਮਝਿਆ ਜਾ ਸਕਦਾ ਹੈ। ਪਰ ਪੰਜਾਬੀ ਫਿਲਮਾਂ ਵਿੱਚ ਪਾਤਰਾਂ ਨੂੰ ਘਟੀਆ ਚੁਟਕਲਿਆਂ ਤੇ ਪਾਗਲਾਂ ਵਾਂਗ ਲੋੜ ਤੋਂ ਜ਼ਿਆਦਾ ਹੱਸਦੇ ਦੇਖ ਕੇ ਗੁੱਸਾ ਆਉਂਦਾ ਹੈ ।

ਦੂਜੇ ਪਾਸੇ ਕੁਝ ਅਜਿਹੇ ਯਤਨ ਵੀ ਹੋਏ ਹਨ ਜਿਹੜੇ ਕੁਝ ਪੰਜਾਬੀ ਫਿਲਮਾਂ ਨੂੰ ਪੁਰਸਕਾਰ ਦੇ ਮੰਚ ਤੱਕ ਲੈ ਗਏ। ਪੰਜਾਬੀ ਚੈਨਲਾਂ ਨੂੰ ਵੀ ਚਾਹੀਦਾ ਹੈ ਕਿ ਉਹ ਚੰਗੀਆਂ ਫਿਲਮਾਂ ਹੀ ਦਿਖਾਉਣ ਜਿਨ੍ਹਾਂ ਵਿੱਚ ਕੁਝ ਸਿੱਖਣ ਤੇ ਸਮਝਣ ਵਾਲਾ ਹੋਵੇ। ਇਨ੍ਹਾਂ ਫਿਲਮਾਂ ਦੀ ਕਾਮਯਾਬੀ ਤੋਂ ਫਿਲਮ ਬਣਾਉਣ ਵਾਲਿਆਂ ਨੂੰ ਕੁਝ ਸਿੱਖਣਾ ਚਾਹੀਦਾ ਹੈ।

**There are no questions printed on this page**

Copyright © 2015 AQA and its licensors. All rights reserved.